# ਇਕ ਮੋਰਚਾ ਇਕ ਕੁਰਸੀ ਅਤੇ ਹਵਾ ਵਿਚ ਲਟਕਦੇ ਹੋਏ ਲੋਕ

ਪਰਦਾ ਖੁੱਲ੍ਹਣ 'ਤੇ ਪਿੱਠਭੂਮੀ ਤੋਂ ਆਵਾਜ਼ ਆਉਂਦੀ ਹੈ—ਇਹ ਨਾਟਕ ਉਸ ਵੇਲੇ ਦਾ ਹੈ, ਜਦੋਂ ਪੰਜਾਂ ਪਾਣੀਆਂ ਦੀ ਧਰਤੀ ਨੂੰ, ਜੋ ਕਿ ਹੁਣ ਤਿੰਨਾਂ ਪਾਣੀਆਂ ਦੀ ਧਰਤੀ ਰਹਿ ਗਈ ਸੀ, ਅੱਗ ਲੱਗੀ ਹੋਈ ਸੀ। ਇਸ ਨਾਟਕ ਦੇ ਪਾਤਰ ਹਨ, ਕੁਰਸੀ ਵਾਲਾ, ਮੰਜੀ ਵਾਲਾ ਤੇ ਹਵਾ ਵਿਚ ਲਟਕ ਰਹੇ ਕੁਝ ਮਨੁੱਖ। ਕੁਰਸੀ ਵਾਲਾ ਇਥੇ ਮੁੱਖ ਪਾਤਰ ਹੈ, ਉਹ ਮੁੱਖ ਮੰਤਰੀ ਹੋ ਸਕਦਾ ਹੈ, ਮੁੱਖ ਪ੍ਰਬੰਧਕ ਹੋ ਸਕਦਾ ਹੈ ਜਾਂ ਮੁੱਖ ਸਾਸ਼ਕ ਹੋ ਸਕਦਾ ਹੈ। ਜੇ ਕੁਰਸੀ ਵਾਲਾ ਇਥੇ ਮੁੱਖ ਪਾਤਰ ਹੈ ਤਾਂ ਮੰਜੀ ਵਾਲਾ ਇਥੇ ਪ੍ਰਮੁੱਖ ਪਾਤਰ ਹੈ, ਕਿਉਂਕਿ ਮੰਜੀ ਉੱਤੇ ਇਹ ਬੈਠਣ ਵਾਲਾ ਆਪਣੇ ਆਪ ਨੂੰ ਉਸ ਰੱਬ ਦਾ ਪ੍ਰਤੀਨਿਧ ਸਮਝਦਾ ਹੈ, ਜੋ ਇਸ ਧਰਤੀ ਦਾ ਪ੍ਰਮੁੱਖ ਚਾਲਕ ਹੈ। ਪ੍ਰਮੁੱਖ ਪਾਤਰ ਜੋ ਮੰਜੀ 'ਤੇ ਬੈਠਾ ਹੈ, ਉਸ ਨੂੰ ਸ਼ਿਕਾਇਤ ਹੈ ਕਿ ਜਿਹੜਾ ਮੁੱਖ ਪਾਤਰ ਕੁਰਸੀ 'ਤੇ ਬੈਠਾ ਹੈ, ਉਹ ਇਸ ਨਾਲ ਵਿਤਕਰਾ ਕਰ ਰਿਹਾ ਹੈ। ਭਾਵ ਕੁਰਸੀ ਤੇ ਮੰਜੀ ਦੀ ਲੜਾਈ ਹੈ, ਇਸ ਲਈ ਇਨ੍ਹਾਂ ਦੇ ਮੂੰਹ ਵੀ ਵੱਖ-ਵੱਖ ਪਾਸੇ ਹਨ— ਨਾਟਕ ਦਾ ਪਿੜ ਵਿਸ਼ਾਲ ਧਰਤੀ ਹੈ, ਪਰ ਇਸ ਪਲ ਇਹ ਸੁਕੜਕੇ ਸਟੇਜ 'ਤੇ ਪੁੱਜ ਗਿਆ ਹੈ।

ਮੁੱਖ ਤੇ ਪ੍ਰਮੁੱਖ ਭਾਵੇਂ ਆਪਸ ਵਿਚ ਅੱਜ ਕੱਲ੍ਹ ਰੁੱਸੇ ਹੋਏ ਹਨ, ਪਰ ਇਨ੍ਹਾਂ ਦੇ ਆਪਸੀ ਰਿਸ਼ਤੇ ਬੜੇ ਡੂੰਘੇ ਹਨ। ਦੋਨੋਂ ਭਰਾ ਹੀ ਹਨ, ਇਕ ਵੱਡਾ ਹੈ, ਦੂਜਾ ਛੋਟਾ ਹੈ, ਜੇ ਇਕ ਥੋੜ੍ਹਾ ਮੋਟਾ ਹੈ, ਦੂਜਾ ਵੱਧ ਮੋਟਾ ਹੈ। ਇਨ੍ਹਾਂ ਦਾ ਸਰੀਰ ਇਕੋ ਜਿਹਾ ਇਨ੍ਹਾਂ ਦਾ ਆਕਾਰ ਇਕੋ ਜਿਹਾ ਇਨ੍ਹਾਂ ਦੀਆਂ ਆਦਤਾਂ ਇਕੋ ਜਹੀਆਂ, ਇਨ੍ਹਾਂ ਦੀਆਂ ਵਿਸ਼ੇਸ਼ਤਾਈਆਂ ਇਕੋ ਜਿਹੀਆਂ ਕੋਈ ਇਨ੍ਹਾਂ ਵਿਚੋਂ ਡੱਕਾ ਦੂਹਰਾ ਨਹੀਂ ਕਰਦਾ, ਦੋਨੋਂ ਵੇਹਲੀਆਂ ਖਾਂਦੇ ਹਨ ਅਤੇ ਦੂਜਿਆਂ ਦੀ ਮਿਹਨਤ ਉੱਤੇ ਜੀਊਂਦੇ ਹਨ।

*[ਨੋਟ—ਜਦੋਂ ਇਹ ਵਿਆਖਿਆ ਹੁੰਦੀ ਹੈ, ਦੋ ਮੋਟੇ ਬੰਦੇ ਸਟੇਜ*

*'ਤੇ ਆਉਂਦੇ ਹਨ। ਇਕ ਚਿੱਟੀ ਪੱਗ ਵਾਲਾ, ਖੱਦਰਧਾਰੀ ਤੇ ਇਕ ਨੀਲੀ ਪੱਗ ਵਾਲਾ ਕੱਛਾਧਾਰੀ (ਗਿਆਨੀ) ਕ੍ਰਮਵਾਰ ਕੁਰਸੀ ਅਤੇ ਮੰਜੇ 'ਤੇ ਬੈਠੇ ਔਖੇ ਔਖੇ ਐਕਸ਼ਨ ਕਰਦੇ ਹਨ, ਜਿਸ ਤਰ੍ਹਾਂ ਤਾਕਤ ਨਾਲ ਫਿੱਟੇ ਹੋਏ ਸਾਨ੍ਹ ਹੋਣ।]*

ਇਸ ਨਾਟਕ ਦੇ ਹੋਰ ਪਾਤਰ ਹਨ, ਹਵਾ ਵਿਚ ਲਟਕੇ ਹੋਏ ਮਨੁੱਖ ਉਂਜ ਤਾਂ ਉਹ ਮਨੁੱਖ ਧਰਤੀ 'ਤੇ ਤੁਰਨ ਵਾਲੇ ਹਨ, ਪਰ ਕੁਰਸੀ ਅਤੇ ਮੰਜੀ ਦੀ ਆਪਸੀ ਲੜਾਈ ਕਰਕੇ ਹਵਾ ਵਿਚ ਲਟਕ ਗਏ ਹਨ। ਅੱਜ ਇਥੇ ਬੜੀ ਗਰਮਾ ਗਰਮੀ ਹੈ। ਹਵਾ ਵਿਚ ਲਟਕਿਆ ਇਕ ਮਨੁੱਖ ਕੁਝ ਗੁੱਸੇ ਵਿਚ ਹੈ। ਉਹ ਕੁਰਸੀ ਵਾਲੇ ਨਾਲ ਗਿਲਾ ਕਰ ਰਿਹਾ :

ਇਕ : ਪਰ ਸ਼ਾਸਨ ਦੀ ਕੁਰਸੀ 'ਤੇ ਤੂੰ ਬੈਠਾ ਏਂ, ਅਸੀਂ ਹਰ ਤਕਲੀਫ਼ ਤੈਨੂੰ ਦੱਸਣੀ ਏਂ।

ਖੱਦਰਧਾਰੀ : ਮੈਂ ਕੁਰਸੀ 'ਤੇ ਬੈਠਾ ਹਾਂ, ਇਹਦਾ ਇਹ ਮਤਲਬ ਨਹੀਂ ਕਿ ਹਰ ਇਕ ਜਣੇ-ਖਣੇ ਦਾ ਮੈਂ ਠੇਕਾ ਲਿਆ ਹੈ।

ਇਕ : ਮੈਂ ਸੋਲ੍ਹਾਂ ਜਮਾਤਾਂ ਪੜ੍ਹਿਆ ਹਾਂ, ਮੇਰੇ ਕੋਲ ਕੰਮ ਨਹੀਂ...ਇਹ ਕੰਮ ਤੂੰ ਦੇਣਾ ਹੈ, ਇਹਦੀ ਜ਼ਿੰਮੇਵਾਰੀ ਤੇਰੀ ਹੈ।

ਖੱਦਰਧਾਰੀ : ਮੈਂ ਤੈਨੂੰ ਕਿਹਾ ਸੀ ਸੋਲ੍ਹਾਂ ਪੜ੍ਹ...ਥੋੜ੍ਹੀਆਂ ਪੜ੍ਹ ਲੈਂਦਾ...ਕਿਉਂ ਗਿਆਨੀ ?

ਗਿਆਨੀ : ਮੈਂ ਨਹੀਂ ਤੇਰੇ ਨਾਲ ਬੋਲਦਾ, ਮੈਂ ਅੱਜ ਕੱਲ੍ਹ ਮੋਰਚੇ 'ਤੇ ਬੈਠਾ ਹਾਂ।

ਇਕ : ਮੈਂ ਜਦੋਂ ਥੋੜ੍ਹੀਆਂ ਪੜ੍ਹੀਆਂ ਸਨ...ਤਾਂ ਤੂੰ ਹੀ ਕਿਹਾ ਸੀ ਕਿ ਤੂੰ ਹਾਲੇ ਇਸ ਯੋਗ ਨਹੀਂ ਕਿ ਕੋਈ ਜ਼ਿੰਮੇਵਾਰੀ ਸਾਂਭੇ, ਇਸ ਲਈ ਹੋਰ ਪੜ੍ਹ ਲੈ।

ਖੱਦਰਧਾਰੀ : ਪਰ ਤੂੰ ਹੁਣ ਚਾਹੁੰਨਾ ਕੀ ਏਂ ?

ਇਕ : ਇਹੋ ਕਿ ਜਾਂ ਤਾਂ ਕੁਰਸੀ ਛੱਡ ਦੇ ਜਾਂ ਬੰਦੋਬਸਤ ਠੀਕ ਚਲਾ।

ਗਿਆਨੀ : ਇਹੋ ਤਾਂ ਮੈਂ ਇਸ ਨੂੰ ਕਹਿੰਦਾ ਹਾਂ ਤੂੰ ਕੁਰਸੀ ਤੋਂ ਥੱਲੇ ਆ ਤੇ ਰਾਜਸੱਤਾ ਸਾਨੂੰ ਫੜਾ।

ਇਕ : ਪਰ ਕੀ ਤੁਸੀਂ ਮੈਨੂੰ ਕੰਮ ਦੇ ਦੇਵੋਗੇ ?

ਗਿਆਨੀ : ਕੰਮ ਭਾਵੇਂ ਦੇਈਏ ਜਾਂ ਨਾ ਦੇਈਏ...ਪਰ ਤੈਨੂੰ ਵਾਹਿਗੁਰੂ ਦਾ ਭਾਣਾ ਮੰਨਣਾ ਸਿੱਖਾ ਦੇਵਾਂਗੇ ਤੇ ਜਿਨ੍ਹੇ ਵਾਹਿਗੁਰੂ ਦਾ ਭਾਣਾ ਮੰਨ ਲਿਆ, ਉਹਨੂੰ ਤਕਲੀਫ਼ ਕਾਹਦੀ ?

ਇਕ : ਮਸਲਾ ਇਕ ਨਹੀਂ, ਮਸਲੇ ਬਹੁਤੇ ਨੇ...ਬਿਮਾਰੀ ਹੈ ਪਰ ਇਲਾਜ ਲਈ ਦਵਾਈ ਨਹੀਂ ਹੈ, ਭੁੱਖ ਹੈ...ਪਰ ਪੇਟ ਲਈ ਰੋਟੀ ਨਹੀਂ...ਬੇਰੁਜ਼ਗਾਰੀ

ਹੈ, ਰੁਜ਼ਗਾਰ ਲਈ ਸਾਧਨ ਨਹੀਂ...ਇਹ ਨਿੱਕੇ ਮੋਟੇ ਮਸਲੇ ਨਹੀਂ, ਇਹ ਲੋਕਾਂ ਦੀ ਜ਼ਿੰਦਗੀ ਮੌਤ ਦਾ ਸਵਾਲ ਏ।

ਖੱਦਰਧਾਰੀ : ਮੌਤ ਦੀ ਇਸ ਧਰਤੀ ਨੂੰ ਬੜੀ ਲੋੜ ਹੈ...ਇਥੇ ਮਰਦੇ ਥੋੜੇ ਨੇ ਤੇ ਪੈਦਾ ਬਹੁਤੇ ਹੁੰਦੇ ਨੇ।

ਇਕ : ਇਹ ਤੂੰ ਨਹੀਂ ਤੇਰੇ ਹੇਠਾਂ ਦੀ ਕੁਰਸੀ ਬੋਲ ਰਹੀ ਏ।

*(ਜਾਂਦਾ ਹੈ।)*

ਗਿਆਨੀ : ਕੁਰਸੀ ਬੋਲਦੀ ਨਹੀਂ...ਕੁਰਸੀ ਬੁਲਵਾਉਂਦੀ ਹੈ।

ਖੱਦਰਧਾਰੀ : ਤੇ ਤੇਰਾ ਆਪਣੀ ਮੰਜੀ ਬਾਰੇ ਕੀ ਵਿਚਾਰ ਹੈ...ਉਹ ਬੋਲਦੀ ਹੈ ਜਾਂ ਬੁਲਵਾਉਂਦੀ ਹੈ।

ਗਿਆਨੀ : ਨਾ ਉਹ ਬੋਲਦੀ ਹੈ ਨਾ ਬੁਲਵਾਉਂਦੀ ਹੈ...ਉਹ ਮੋਰਚਾ ਲਗਾਉਂਦੀ ਹੈ ਤੇ ਪੀਂ ਵੈਰੀਆਂ ਦੀ ਬੁਲਾਂਦੀ ਹੈ।

ਖੱਦਰਧਾਰੀ : ਦੇਖ ਲਵਾਂਗੇ।

ਗਿਆਨੀ : ਦੇਖ ਲਵਾਂਗੇ।

ਖੱਦਰਧਾਰੀ : ਤੂੰ ਕੜਾਹ ਖਾਣਾ।

ਗਿਆਨੀ : ਤੂੰ ਖੱਦਰਪਾਣਾ।
ਗੱਲ ਹੀ ਕੋਈ ਨਹੀਂ
ਫੱਟੇ ਚੱਕ ਦਿਆਂਗੇ
ਭਾਜੜਾਂ ਪਾ ਦਿਆਂਗੇ
ਜੋ ਅੜੇ ਸੋ ਝੜੇ

*(ਲੜਾਈ ਦੇ ਐਕਸ਼ ਵਿਚ ਹੀ ਮੁਕ)*

ਪਿੱਛੋਂ ਆਵਾਜ਼ : ਸੋ ਕਈਆਂ ਦਾ ਕੰਮ ਹੈ ਕੁਰਸੀ 'ਤੇ ਬੈਠਣਾ ਤੇ ਕਈਆਂ ਦਾ ਕੰਮ ਹੈ ਮੋਰਚੇ 'ਤੇ ਬੈਠਣਾ...ਪਰ ਇਸ ਧਰਤੀ ਦਾ ਕੰਮ ਕਿਸ ਤਰ੍ਹਾਂ ਚਲਦੈ...ਇਹ ਜੋ ਕੁਰਸੀ 'ਤੇ ਬੈਠੇ ਹਨ...ਇਹ ਜੋ ਮੰਜੀ 'ਤੇ ਬੈਠੇ ਖਾਂਦੇ ਹਨ, ਖਾਂਦੇ ਕਿਥੋਂ ਹਨ ?
ਇਹ ਇਕ ਹੋਰ ਪਾਤਰ ਹੈ...ਸਿੱਧਾ ਸਾਧਾ...ਇਹ ਵੀ ਤਾਂ ਤੁਹਾਨੂੰ ਮਿਲਣਾ ਚਾਹੀਦੈ।

*(ਇਕ ਮਿਹਨਤਕਸ਼ ਬੰਦਾ ਦਾਖ਼ਲ ਹੁੰਦਾ ਹੈ।)*

ਦੋ : ਕਿਉਂ ਭਾਊ ਤਗੜੈਂ ?

ਖੱਦਰਧਾਰੀ : ਤਗੜਾ ਹਾਂ...ਬਾਬੇ ਦੀ ਫੁੱਲ ਕਿਰਪਾ ਏ...ਤੂੰ ਆ ਗਿਆ ਏਂ, ਤੇਰੀ ਹੀ ਉਡੀਕ ਹੈ...ਇਕ ਗਲਾਸ ਪਾਣੀ ਦਾ ਪਕੜਾ...ਸਵੇਰ ਦਾ ਤਿਹਾਇਆ ਹਾਂ।

ਦੋ : ਲੈ ਤਿਹਾਇਆ ਕਿਉਂ ਏਂ...ਉੱਠ ਕੇ ਪੀ ਲੈਂਦਾ।

ਖੱਦਰਧਾਰੀ : (ਔਖਾ ਹੋ ਕੇ) ਉੱਠਦਾ ਕਿਵੇਂ ?

ਗਿਆਨੀ : ਆਹੋ ਉੱਠਦਾ ਕਿਵੇਂ...ਕੁਰਸੀ ਦਾ ਮੋਹ ਉੱਠਣ ਦੇਂਦਾ ਹੈ ?

ਦੋ : ਕਿਉਂ ਗਿਆਨੀ ਤਗੜੈਂ ? ਦੇਗ ਤੇਗ ਫਤਹਿ ਕਿ ਨਹੀਂ ?

ਖੱਦਰਧਾਰੀ : ਹਾਲੀ ਤਾਂ ਦੇਗ਼ ਹੀ ਫ਼ਤਹਿ ਲੱਗਦੀ ਏ।

ਗਿਆਨੀ : ਉਏ ਖੱਦਰਧਾਰੀ ਤੈਨੂੰ ਤੇਗ਼ ਵੀ ਵਿਖਾ ਦਿਆਂਗੇ।

ਦੋ : ਲੈ ਗਿਆਨੀ, ਅੱਜ ਦੀ ਕਮਾਈ ਦਾ ਦਸਵਾਂ ਹਿੱਸਾ...ਸਾਡੇ ਲਈ ਅਰਦਾਸ ਕਰ ਦੇਵੀਂ।

ਗਿਆਨੀ : ਤੂੰ ਇਸੇ ਤਰ੍ਹਾਂ ਸ਼ਰਧਾ ਰੱਖੀਂ...ਅਸੀਂ ਕਿਸੇ ਦਿਨ ਤੇਰੇ ਨਾਂ ਦਾ ਅਖੰਡ ਪਾਠ ਪੜ੍ਹ ਦਿਆਂਗੇ।

ਦੋ : ਅੱਛਾ ਭਾਊਓ...ਤਕੜੇ ਰਵੋ...ਸਾਡੇ ਸਿਰ 'ਤੇ ਖਾਓ ਪੀਓ ਤੇ ਅੱਯਾਸ਼ੀਆਂ ਕਰੋ।

*(ਜਾਂਦਾ ਹੈ)*

ਦੋਵੇਂ ਇਕੱਠੇ : ਬੜਾ ਹੀ ਨੇਕ ਬੰਦਾ ਏ।

*(ਮੂਕ ਹੋ ਜਾਂਦੇ ਹਨ। ਇਕ ਮਜ਼ਦੂਰ ਦਾਖ਼ਲ ਹੁੰਦਾ ਹੈ, ਇਹ ਇਕ ਨੰਬਰ ਵੀ ਹੋ ਸਕਦਾ ਹੈ ਅਤੇ ਕੋਈ ਵੱਖਰਾ, ਪਾਤਰ ਵੀ ਹੋ ਸਕਦਾ। ਬਾਹਰੋਂ ਰੌਲਾ ਪੈਂਦਾ ਹੈ। ਆਵਾਜ਼ਾਂ ਆ ਰਹੀਆਂ ਹਨ।)*

ਛਾਂਟੀ ਕੋ—ਬੰਦ ਕਰੋ
ਕਾਮ ਕੇ ਬਦਲੇ—ਕਾਮ ਦੋ

ਇਕ : ਤੂੰ ਹੀ ਕੁਰਸੀ 'ਤੇ ਬੈਠਾ ਏਂ।

ਖੱਦਰਧਾਰੀ : ਹਾਂ ਹਾਲੀ ਤੇ ਮੈਂ ਹੀ ਬੈਠਾ ਹਾਂ।

ਇਕ : ਮੈਂ ਛਾਂਟੀ ਕੀਤੇ ਮਜ਼ਦੂਰਾਂ ਵੱਲੋਂ ਆਇਆ ਹਾਂ।

ਖੱਦਰਧਾਰੀ : ਭਾਵ ਤੂੰ ਲੀਡਰੀ ਦੀ ਕੁਰਸੀ ਦਾ ਮਾਲਕ ਏਂ।

ਇਕ : ਇਹ ਕੁਰਸੀਆਂ ਤੁਹਾਨੂੰ ਹੀ ਮੁਬਾਰਕ ਹੋਣ।

ਖੱਦਰਧਾਰੀ : ਹਾਂ ਕੀ ਕਹਿਣਾ ਹੈ ?

ਇਕ : ਮੈਂ ਕਹਿਣ ਆਇਆਂ ਹਾਂ ਕਿ ਮਜ਼ਦੂਰਾਂ ਦੀ ਛਾਂਟੀ ਬੰਦ ਹੋਣੀ ਚਾਹੀਦੀ ਹੈ—ਉਨ੍ਹਾਂ ਨੂੰ ਕੰਮ ਦੇ ਬਦਲੇ ਕੰਮ ਮਿਲਣਾ ਚਾਹੀਦੈ।

ਖੱਦਰਧਾਰੀ : ਪਰ ਮਜ਼ਦੂਰਾਂ ਦੀ ਛਾਂਟੀ ਕਿਉਂ ਹੋ ਰਹੀ ਹੈ ?

ਇਕ : ਅਸੀਂ ਮਜ਼ਦੂਰ ਡੈਮ ਬਣਾਉਣ ਲਈ ਭਰਤੀ ਕੀਤੇ ਗਏ ਸਾਂ...ਪਰ ਹੁਣ ਕਿਹਾ ਗਿਆ ਹੈ ਕਿ ਵਰਲਡ ਬੈਂਕ ਤੋਂ ਪੈਸਾ ਨਹੀਂ ਮਿਲਿਆ... ਇਸ ਲਈ ਮਜ਼ਦੂਰਾਂ ਦੀ ਛਾਂਟੀ ਜ਼ਰੂਰੀ ਹੈ।

ਖੱਦਰਧਾਰੀ : ਹਾਂ, ਜੇਕਰ ਕੰਮ ਹੀ ਨਹੀਂ ਹੋਣਾ...ਮਜ਼ਦੂਰਾਂ ਨੂੰ ਫਾਹੇ ਦੇਣੈ ? ਉਨ੍ਹਾਂ

ਦੀ ਛਾਂਟੀ ਤਾਂ ਹੋਣੀ ਹੀ ਹੈ।

ਇਕ : ਪਰ ਜੋ ਅਫ਼ਸਰ ਡੈਮ ਲਈ ਰੱਖੇ ਗਏ ਸਨ...ਉਨ੍ਹਾਂ ਦੀ ਛਾਂਟੀ ਕਿਉਂ ਨਹੀਂ ਹੋ ਰਹੀ ?

ਖੱਦਰਧਾਰੀ : ਬਈ ਉਹ ਅਫ਼ਸਰ ਨੇ...ਪੱਕੇ ਸਰਕਾਰੀ ਨੌਕਰ ਨੇ।

ਇਕ : ਉਹ ਕੀ ਕਰਨਗੇ ?

ਖੱਦਰਧਾਰੀ : ਜੋ ਉਹ ਕਰਦੇ ਹੁੰਦੇ ਨੇ...ਕਾਗ਼ਜ਼ਾਂ ਵਿਚ ਪਲੈਨਿੰਗ ਕਰਨਗੇ।

ਇਕ : ਉਨ੍ਹਾਂ ਨੂੰ ਮੁਫ਼ਤ ਬੈਠੇ ਖਵਾ ਸਕਦੇ ਹੋ।

ਖੱਦਰਧਾਰੀ : ਇਹ ਸਾਡੀ ਮਜਬੂਰੀ ਹੈ...ਤੁਸੀਂ ਸਮਝਦੇ ਕਿਉਂ ਨਹੀਂ ?

ਇਕ : ਸਾਡੀ ਵੀ ਪੇਟ ਦੀ ਮਜਬੂਰੀ ਹੈ...ਤੁਸੀਂ ਸਮਝਦੇ ਕਿਉਂ ਨਹੀਂ ?

ਖੱਦਰਧਾਰੀ : ਪਰ ਸਰਕਾਰ ਕੋਲ ਪੈਸਾ ਨਹੀਂ।

ਇਕ : ਜਿੰਨਾ ਪੈਸਾ ਹੈ ਵੰਡ ਕੇ ਖਾਈਏ।

ਖੱਦਰਧਾਰੀ : ਇਹ ਹਾਲੇ ਇਸ ਦੇਸ਼ ਦਾ ਦਸਤੂਰ ਨਹੀਂ।

ਇਕ : ਪਰ ਇਹ ਕਿਥੋਂ ਦਾ ਦਸਤੂਰ ਹੈ ਕਿ ਕੁਝ ਅੱਯਾਸ਼ੀ ਕਰਨ 'ਤੇ ਕੁਝ ਭੁੱਖੇ ਰਹਿਣ...ਕਿਉਂ ਗਿਆਨੀ ਜੀ ?

ਗਿਆਨੀ : (ਚੌਂਕ ਕੇ) ਕੀ ਕਿਹਾ ?

ਇਕ : ਇਹ ਕਿਥੋਂ ਦਾ ਦਸਤੂਰ ਏ ਕਿ ਕੁਝ ਅੱਯਾਸ਼ੀ ਕਰਨ ਤੇ ਕੁਝ ਭੁੱਖੇ ਰਹਿਣ ?

ਗਿਆਨੀ : ਹਾਂ ਦਸਤੂਰ ਤਾਂ ਚੰਗਾ ਨਹੀਂ...ਪਰ ਹਾਲੇ ਅਸੀਂ ਇਸ ਵਿਚ ਕੁਝ ਨਹੀਂ ਕਰ ਸਕਦੇ।

ਇਕ : ਕਿਉਂ ?

ਗਿਆਨੀ : ਕਿਉਂਕਿ ਅਸੀਂ ਹਾਲੇ ਮੋਰਚੇ 'ਤੇ ਬੈਠੇ ਹਾਂ।

ਇਕ : ਇਹ ਮੋਰਚਾ ਕੀ ਹੁੰਦਾ ਏ।

ਗਿਆਨੀ : ਇਹ ਮੋਰਚਾ ਉਹੀ ਹੁੰਦਾ ਹੈ, ਜੋ ਅਸੀਂ ਲਾਇਆ ਹੋਇਆ ਹੈ।

ਇਕ : ਪਰ ਕਾਹਦੇ ਲਈ ?

ਗਿਆਨੀ : ਅਸੀਂ ਇਕ ਮਤਾ ਪੇਸ਼ ਕੀਤਾ ਹੈ।

ਇਕ : ਕਾਹਦਾ ਮਤਾ ?

ਗਿਆਨੀ : ਸਾਨੂੰ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ।

ਇਕ : ਜੇ ਤੁਹਾਨੂੰ ਵੱਧ ਅਧਿਕਾਰ ਮਿਲ ਗਏ ਤਾਂ ਮੇਰੀ ਛਾਂਟੀ ਰੁਕ ਜਾਏਗੀ ?

ਗਿਆਨੀ : ਕਹਿ ਨਹੀਂ ਸਕਦੇ।

ਇਕ : ਫੇਰ ਕਹਿ ਕੀ ਸਕਦੇ ਹੋ ?

ਗਿਆਨੀ : ਇਹੋ ਕਿ ਅਸੀਂ ਮੋਰਚੇ 'ਤੇ ਬੈਠੇ ਹਾਂ, ਜੋ ਅੜੇ ਸੋ ਝੜੇ।

*(ਇਕ ਗੁੱਸੇ ਵਿਚ ਜਾਂਦਾ ਹੈ।)*

ਗਿਆਨੀ : ਬੜਾ ਗਰਮ ਸੀ।

ਖੱਦਰਧਾਰੀ : ਆਪੇ ਠੰਡਾ ਹੋ ਜਾਏਗਾ।

*(ਦੋਨੋਂ ਮੂਕ ਹੋ ਜਾਂਦੇ ਹਨ। ਇਕ ਗਰੀਬੜਾ ਜਿਹਾ ਬੰਦਾ ਆਉਂਦਾ ਹੈ।)*

ਗਰੀਬੜਾ : ਮੈਂ ਇਕ ਅਰਜ਼ ਕਰਨੀ ਏ ਕੁਰਸੀ ਵਾਲਿਓ।

ਖੱਦਰਧਾਰੀ : ਅਸੀਂ ਅਰਜ਼ ਸੁਣਨ ਲਈ ਹੀ ਬੈਠੇ ਹਾਂ।

ਗਰੀਬੜਾ : ਮੈਂ ਲੁੱਟਿਆ ਗਿਆ ਹਾਂ।

ਖੱਦਰਧਾਰੀ : ਇਥੇ ਹਰ ਦੂਜੇ ਨੂੰ ਲੁੱਟ ਰਿਹਾ ਹਾਂ, ਹਰ ਕੋਈ ਲੁੱਟਿਆ ਜਾ ਰਿਹਾ ਹੈ ?

ਗਰੀਬੜਾ : ਮੇਰੀ ਇੱਜ਼ਤ ਲੁੱਟੀ ਗਈ ਏ।

ਖੱਦਰਧਾਰੀ : ਇੱਜ਼ਤ ਨਾਂ ਦੀ ਚੀਜ਼ ਤਾਂ ਕੋਈ ਇਸ ਦੇਸ਼ ਵਿਚ ਰਹੀ ਨਹੀਂ, ਫੇਰ ਤੇਰੀ ਇੱਜ਼ਤ ਕਿਸ ਤਰ੍ਹਾਂ ਲੁੱਟੀ ਗਈ ?

ਗਰੀਬੜਾ : ਮੇਰੀ ਧੀ ਬਾਹਰ ਖੇਤਾਂ ਵੱਲ ਕੰਮ 'ਤੇ ਗਈ...ਸਰਦਾਰਾਂ ਦੇ ਮੁੰਡਿਆਂ ਨੇ ਉਹਦੇ ਨਾਲ ਜ਼ਬਰਦਸਤੀ ਕੀਤੀ।

ਖੱਦਰਧਾਰੀ : ਅੱਜ ਕੱਲ੍ਹ ਲੋਕ ਜ਼ਬਰਦਸਤੀਆਂ ਬੜੀਆਂ ਕਰਨ ਲੱਗ ਪਏ ਨੇ...ਹਰ ਇਕ ਦੂਜੇ ਨਾਲ ਜ਼ਬਰਦਸਤੀ ਕਰ ਰਿਹਾ ਏ।

ਗਰੀਬੜਾ : ਉਹਨੇ ਸ਼ਰਮ ਦੇ ਮਾਰੇ ਆਤਮ-ਹੱਤਿਆ ਕਰ ਲਈ।

ਖੱਦਰਧਾਰੀ : ਮੈਂ ਇਹਦੇ ਬਾਰੇ ਸਵੇਰੇ ਅਖ਼ਬਾਰ ਵਿਚ ਬਿਆਨ ਦੇ ਦੇਵਾਂਗਾ...ਆਤਮ ਹੱਤਿਆ ਕਰਨੀ ਕਾਨੂੰਨ ਦੇ ਅਨੁਸਾਰ ਠੀਕ ਨਹੀਂ।

ਗਰੀਬੜਾ : ਮੈਂ ਥਾਣੇ ਗਿਆ।

ਖੱਦਰਧਾਰੀ : ਤੈਨੂੰ ਜਾਣਾ ਹੀ ਚਾਹੀਦਾ ਸੀ।

ਗਰੀਬੜਾ : ਉਨ੍ਹਾਂ ਰੀਪੋਰਟ ਲਿਖਣ ਤੋਂ ਇਨਕਾਰ ਕਰ ਦਿੱਤਾ।

ਖੱਦਰਧਾਰੀ : ਕਿਉਂ ?

ਗਰੀਬੜਾ : ਕਿਉਂਕਿ ਉਹਨੂੰ ਸਰਦਾਰਾਂ ਵੱਲੋਂ ਪੈਸਾ ਮਿਲ ਗਿਆ ਸੀ।

ਖੱਦਰਧਾਰੀ : ਅੱਛਾ।

ਗਰੀਬੜਾ : ਥਾਣੇਦਾਰ ਨੇ ਮੈਨੂੰ ਧਮਕੀ ਦਿੱਤੀ ਕਿ ਜੇਕਰ ਮੈਂ ਮਾਮਲਾ ਚੁੱਕਿਆ ਤਾਂ ਉਹ ਮੇਰੇ ਖ਼ਿਲਾਫ਼ ਕੇਸ ਦਰਜ ਕਰ ਲਵੇਗਾ।

ਖੱਦਰਧਾਰੀ : ਥਾਣੇਦਾਰਾਂ ਦਾ ਕੰਮ ਏ ਧਮਕੀ ਦੇਣੀ...ਪਰ ਤੇਰੇ ਖ਼ਿਲਾਫ਼ ਕੀ ਕੇਸ ਦਰਜ ਕਰ ਲਵੇਗਾ।

ਗਰੀਬੜਾ : ਅਖੇ ਮੇਰੀ ਧੀ ਦਾ ਸਰਦਾਰਾਂ ਦੇ ਮੁੰਡੇ ਨਾਲ ਨਜਾਇਜ਼ ਤੁਅਲਕ ਸੀ...ਮੈਂ ਉਹਨੂੰ ਖੇਹ ਖਾਂਦਿਆਂ ਵੇਖ ਲਿਆ...ਗੁੱਸੇ ਵਿਚ ਆ ਕੇ

ਉਹਦਾ ਗਲਾ ਘੁੱਟ ਕੇ ਮਾਰ ਦਿੱਤਾ ਤੇ ਫੇਰ ਖੂਹ ਵਿਚ ਸੁੱਟ ਦਿੱਤਾ।

ਗਿਆਨੀ : ਇਹ ਧਮਕੀ ਨਹੀਂ...ਇਹ ਕਾਨੂੰਨੀ ਕਾਰਵਾਈ ਏ...ਜਦੋਂ ਦਾ ਇਸ ਖੱਦਰਧਾਰੀ ਦਾ ਰਾਜ ਚੱਲ ਰਿਹਾ ਏ ਥਾਣੇਦਾਰ ਇਹੋ ਜਿਹੇ ਕਾਨੂੰਨੀ ਕੰਮ ਕਰਦੇ ਹੀ ਰਹਿੰਦੇ ਨੇ।

ਗਰੀਬੜਾ : ਮੰਜੀ ਵਾਲਿਓ...ਤੁਸੀਂ ਹੀ ਮੇਰੀ ਕੋਈ ਮਦਦ ਕਰੋ।

ਗਿਆਨੀ : ਭਲਿਆ ਲੋਕਾ...ਮਦਦ ਤਾਂ ਕਰਦੇ...ਪਰ ਸਾਨੂੰ ਵਿਹਲ ਨਹੀਂ, ਅਸੀਂ ਮੋਰਚੇ 'ਤੇ ਬੈਠੇ ਹਾਂ।

ਗਰੀਬੜਾ : ਕਾਹਦਾ ਮੋਰਚਾ ?

ਗਿਆਨੀ : ਚੰਡੀ ਦਾ ਗੜ੍ਹ ਸਾਨੂੰ ਮਿਲਣਾ ਚਾਹੀਦੈ।

ਗਰੀਬੜਾ : ਜੇਕਰ ਚੰਡੀ ਦਾ ਗੜ੍ਹ ਤੁਹਾਨੂੰ ਮਿਲ ਜਾਏ ਤਾਂ ਕੀ ਮੇਰੀ ਧੀ ਦੀ ਇੱਜ਼ਤ ਸਰਦਾਰਾਂ ਦੇ ਹੱਥੋਂ ਬਚ ਜਾਏਗੀ ?

ਗਿਆਨੀ : ਇਹ ਸਾਡੇ ਮੋਰਚੇ ਦੀ ਮੰਗ ਨਹੀਂ।

ਗਰੀਬੜਾ : ਕੀ ਥਾਣੇਦਾਰ ਝੂਠੇ ਕੇਸ ਬਣਾਉਣੋਂ ਹਟ ਜਾਣਗੇ।

ਗਿਆਨੀ : ਇਹ ਵੀ ਸਾਡੇ ਮੋਰਚੇ ਦੀ ਮੰਗ ਨਹੀਂ।

ਗਰੀਬੜਾ : ਫੇਰ ਤੁਹਾਡਾ ਮੋਰਚਾ ਹੈ ਕੀ ?

ਗਿਆਨੀ : ਮੋਰਚਾ ਬਸ ਮੋਰਚਾ ਹੈ...ਜੋ ਅੜੇ ਸੋ ਝੜੇ।

*(ਗਰੀਬੜਾ ਬੇਵਸੀ ਦੇ ਅਭਿਨੈ ਵਿਚ ਪਿੱਛੇ ਜਾਂਦਾ ਹੈ।)*

ਖੱਦਰਧਾਰੀ : ਓਏ ਗਿਆਨੀ।

ਗਿਆਨੀ : ਕੀ ਏ ਖੱਦਰਧਾਰੀ ?

ਖੱਦਰਧਾਰੀ : ਤੇਰੀ ਸਾਰੀ ਖੇਡ ਚੰਗੀ ਚੱਲ ਰਹੀ ਏ...ਜਿੰਨਾ ਚਿਰ ਤੇਰਾ ਮੋਰਚਾ ਲੱਗਿਆ ਰਹਿੰਦਾ ਏ, ਕੰਮ ਵਾਹਵਾ ਸੂਤ ਰਹਿੰਦਾ ਏ।

ਗਿਆਨੀ : ਉਹ ਕਿਵੇਂ ?

ਖੱਦਰਧਾਰੀ : ਲੋਕ ਸਾਡੇ 'ਤੇ ਸਵਾਲ ਕਰਦੇ ਨੇ...ਅਸੀਂ ਜਵਾਬ ਦੇਂਦੇ ਹਾਂ...ਜਦੋਂ ਜਵਾਬ ਦੇਂਦੇ ਹਾਂ, ਉਹ ਤੇਰੇ ਵੱਲ ਜਾਂਦੇ ਨੇ...ਤੇਰੇ ਕੋਲੋਂ ਵੀ ਜਵਾਬ ਮਿਲ ਜਾਂਦਾ ਏ ਤਾਂ ਉਹ ਹਵਾ ਵਿਚ ਲਟਕ ਜਾਂਦੇ ਨੇ...।

*(ਦੋਨੋਂ ਹੱਸਦੇ ਹਨ। ਬਾਹਰੋਂ ਆਵਾਜ਼ਾਂ ਆਉਂਦੀਆਂ ਹਨ 'ਓਇ ਮਾਰ ਘੱਤਿਆ ਏਹਨਾਂ ਡਾਢਿਆਂ ਨੇ, ਓਏ ਏਨ੍ਹਾਂ 'ਤੇ ਰੱਬ ਦੀ ਮਾਰ ਪਏ, ਓਏ ਇਨ੍ਹਾਂ ਦਾ ਕੱਖ ਨਾ ਰਹੇ'—ਤੇ ਇਕ ਕਿਸਾਨ ਦਾਖ਼ਲ ਹੁੰਦਾ ਹੈ।)*

ਕਿਸਾਨ : ਮੋਤੀਆਂ ਵਾਲਿਓ !

ਖੱਦਰਧਾਰੀ : ਕੀ ਗੱਲ ਏ ਭਲਿਆ ਲੋਕਾ।

ਕਿਸਾਨ : ਮੈਂ ਇਕ ਕਿਸਾਨ ਹਾਂ।

ਖੱਦਰਧਾਰੀ : ਉਹ ਤਾਂ ਤੇਰੀ ਸ਼ਕਲ ਤੋਂ ਹੀ ਦਿਸਦਾ ਏ...ਕਿਸਾਨ ਸਾਡੇ ਦੇਸ਼ ਦੀ ਇੱਜ਼ਤ ਨੇ...ਸਾਡੇ ਅੰਨਦਾਤਾ ਨੇ...ਦੱਸ ਮੈਂ ਤੇਰੀ ਕੀ ਸੇਵਾ ਕਰ ਸਕਦਾ ਹਾਂ ?

ਕਿਸਾਨ : ਤੁਸੀਂ ਸੇਵਾ ਨਾ ਕਰੋ...ਕੁਝ ਮਿਹਰਬਾਨੀਆਂ ਕਰੋ...ਮੈਂ ਬੜਾ ਦੁਖੀ ਹਾਂ।

ਖੱਦਰਧਾਰੀ : ਤੂੰ ਹੁਕਮ ਕਰ...ਗੋਲੀ ਕੀਹਦੀ ਤੇ ਗਹਿਣੇ ਕੀਹਦੇ ?

ਕਿਸਾਨ : ਗੋਲੇ ਤਾਂ ਅਸੀਂ ਹੋ ਗਏ...ਦਿਨ ਦੀਵੀਂ ਸਾਡੀ ਲੁੱਟ ਹੋ ਜਾਂਦੀ ਏ।

ਖੱਦਰਧਾਰੀ : ਉਹ ਕਿਵੇਂ ?

ਕਿਸਾਨ : ਅਸੀਂ ਫ਼ਸਲ ਉਗਾਉਂਦੇ ਹਾਂ।

ਖੱਦਰਧਾਰੀ : ਉਹ ਤੁਹਾਡਾ ਫ਼ਰਜ਼ ਹੈ।

ਕਿਸਾਨ : ਉਹਦੇ ਲਈ ਚੰਗਾ ਬੀਜ ਚਾਹੀਦੈ।

ਖੱਦਰਧਾਰੀ : ਉਹਦਾ ਅਸੀਂ ਕਿਸਾਨ ਮੇਲੇ 'ਚ ਇੰਤਜ਼ਾਮ ਕੀਤਾ ਹੈ।

ਕਿਸਾਨ : ਉਥੇ ਲਿਹਾਜ਼ ਵਾਲਿਆਂ ਨੂੰ ਮਿਲਦਾ ਹੈ।

ਖੱਦਰਧਾਰੀ : ਤੂੰ ਵੀ ਲਿਹਾਜ਼ ਪੈਦਾ ਕਰ।

ਕਿਸਾਨ : ਸਾਨੂੰ ਖਾਦ ਚਾਹੀਦੀ ਹੈ।

ਖੱਦਰਧਾਰੀ : ਉਹਦਾ ਅਸੀਂ ਬੜਾ ਇੰਤਜ਼ਾਮ ਕੀਤਾ ਹੋਇਆ ਹੈ...ਕੋਆਪਰੇਟਿਵ ਸਟੋਰ ਥਾਂ-ਥਾਂ ਖੋਲ੍ਹੇ ਹਨ।

ਕਿਸਾਨ : ਉਥੋਂ ਖਾਦ ਲੈਣ ਲਈ ਸੌ-ਸੌ ਫੇਰੇ ਪਾਉਣੇ ਪੈਂਦੇ ਨੇ।

ਖੱਦਰਧਾਰੀ : ਜ਼ਿੰਦਗੀ ਨਾਂ ਹੀ ਫੇਰਿਆਂ ਦਾ ਹੈ...ਕੁਦਰਤ ਦੀ ਸਾਰੀ ਕਾਇਨਾਤ ਫੇਰਿਆਂ 'ਤੇ ਚੱਲ ਰਹੀ ਹੈ...ਚੰਨ ਧਰਤੀ ਦੇ ਦੁਆਲੇ ਫੇਰੇ ਕੱਟ ਰਿਹਾ ਹੈ ਤੇ ਧਰਤੀ ਸੂਰਜ ਦੁਆਲੇ ਫੇਰੇ ਕੱਟ ਰਹੀ ਏ।

ਕਿਸਾਨ : ਤੇ ਖਾਦ ਜਦੋਂ ਮਿਲਦੀ ਏ...ਉਹਦੇ ਵਿਚ ਮਿੱਟੀ ਮਿਲੀ ਹੁੰਦੀ ਏ।

ਖੱਦਰਧਾਰੀ : ਮਿੱਟੀ ਦੀ ਬੜੀ ਕੀਮਤ ਹੁੰਦੀ ਏ...ਧਰਤੀ 'ਤੇ ਜੋ ਕੁਝ ਖਲੋਤਾ ਹੈ, ਮਿੱਟੀ 'ਤੇ ਹੀ ਖਲੋਤਾ ਹੈ।

ਕਿਸਾਨ : ਪਰ ਹਜ਼ੂਰ ਇਹ ਬੇਈਮਾਨ ਏ।

ਖੱਦਰਧਾਰੀ : ਬੇਈਮਾਨ ? ਇਮਾਨਦਾਰ ਕੌਣ ਏ, ਸਭ ਕਹਿਣ ਦੀਆਂ ਗੱਲਾਂ ਨੇ।

ਕਿਸਾਨ : ਸਾਡੀ ਫ਼ਸਲ ਜਦੋਂ ਤਿਆਰ ਹੁੰਦੀ ਹੈ, ਪਾਣੀ ਬੰਦ ਹੋ ਜਾਂਦਾ ਹੈ। ਬਿਜਲੀ ਦਾ ਵੀ ਕੱਟ ਵੱਜ ਜਾਂਦਾ ਹੈ।

ਖੱਦਰਧਾਰੀ : ਅਸੀਂ ਬਿਜਲੀ ਮਹਿਕਮੇ ਨੂੰ ਕਹਿ ਦੇਵਾਂਗੇ...ਉਹ ਕੱਟ ਨਾ ਮਾਰਿਆ ਕਰਨ।

ਕਿਸਾਨ : ਪਰ ਉਹ ਕੱਟ ਨਜਾਇਜ਼ ਉਗਰਾਹੀ ਕਰਨ ਲਈ ਮਾਰਦੇ ਨੇ।

ਖੱਦਰਧਾਰੀ : ਉਹ ਉਗਰਾਹੀ ਕਿਉਂ ਕਰਦੇ ਨੇ ?

ਕਿਸਾਨ : ਉਹ ਕਹਿੰਦੇ ਨੇ ਉਨ੍ਹਾਂ ਨੂੰ ਉਗਰਾਹੀ ਕਰਨੀ ਪੈਂਦੀ ਹੈ।

ਖੱਦਰਧਾਰੀ : ਕਿਉਂ ਕਰਨੀ ਪੈਂਦੀ ਹੈ ?

ਕਿਸਾਨ : ਉਹ ਕਹਿੰਦੇ ਨੇ ਅਫ਼ਸਰਾਂ ਨੂੰ ਮਹੀਨਾ ਪੁਚਾਣਾ ਪੈਂਦਾ ਹੈ ਤੇ ਅਫ਼ਸਰਾਂ ਨੇ ਅੱਗੇ ਤੁਹਾਡੇ ਕੋਲ ਪੁਚਾਣਾ ਹੁੰਦਾ ਹੈ।

ਖੱਦਰਧਾਰੀ : ਫਿਰ ਤਾਂ ਠੀਕ ਗੱਲ ਹੈ...ਦੇਖ ਨਾ ਇਹ ਕੁਰਸੀ ਏ, ਇਹਦੇ ਆਪਣੇ ਬੜੇ ਖਰਚ ਹੁੰਦੇ ਨੇ।

ਕਿਸਾਨ : ਪਰ ਇਹ ਖਰਚ ਸਾਡੇ ਕੋਲੋਂ ਕਿਉਂ ਕੱਢੇ ਜਾਂਦੇ ਨੇ ?

ਖੱਦਰਧਾਰੀ : ਕਿਉਂਕਿ ਤੁਸੀਂ ਇਸ ਧਰਤੀ ਦੇ ਅੰਨਦਾਤਾ ਹੋ।

ਕਿਸਾਨ : ਸਾਡੀ ਫ਼ਸਲ ਜਦੋਂ ਮੰਡੀਆਂ ਵਿਚ ਆਉਂਦੀ ਹੈ ਤਾਂ ਸਾਡੇ ਨਾਲ ਠੀਕ ਸਲੂਕ ਨਹੀਂ ਹੁੰਦਾ।

ਖੱਦਰਧਾਰੀ : ਕੀ ਤੁਹਾਡੀ ਫ਼ਸਲ ਨਾਲ ਠੀਕ ਸਲੂਕ ਨਹੀਂ ਹੁੰਦਾ ਜਾਂ ਤੁਹਾਡੇ ਨਾਲ ?

*(...ਤੇ ਊਂਘਣ ਲੱਗ ਪੈਂਦਾ ਹੈ।)*

ਕਿਸਾਨ : ਨਾ ਸਾਡੇ ਨਾਲ ਤੇ ਨਾ ਸਾਡੀ ਫ਼ਸਲ ਨਾਲ...ਇੰਸਪੈਕਟਰ ਫ਼ਸਲਾਂ ਨੂੰ ਠੁੱਡ ਮਾਰਦੇ ਹਨ। ਸਾਡੀ ਧੀਆਂ ਪੁੱਤਾਂ ਵਾਕੁਣ ਉਗਾਈ ਫ਼ਸਲ ਦੀ ਨਿਰਾਦਰੀ ਕਰਦੇ ਹਨ।

ਖੱਦਰਧਾਰੀ : (ਸੁਤ-ਉਨੀਂਦਰੇ ਵਿਚ) ਅੱਛਾ ਤੁਹਾਡੇ ਧੀਆਂ ਪੁੱਤਾਂ ਨੂੰ ਠੁੱਡ ਮਾਰਦੇ ਹਨ...ਪਰ ਤੁਹਾਡੇ ਧੀ ਪੁੱਤ ਮੰਡੀ ਕੀ ਕਰਨ ਜਾਂਦੇ ਨੇ ? ਉਨ੍ਹਾਂ ਨੂੰ ਘਰੇ ਖੇਡਣਾ ਚਾਹੀਦਾ ਹੈ।

ਕਿਸਾਨ : (ਖਿਝ ਕੇ) ਮੈਂ ਆਪਣੀ ਫ਼ਸਲ ਦੀ ਗੱਲ ਕਰ ਰਿਹਾ ਸਾਂ।

ਖੱਦਰਧਾਰੀ : ਪਰ ਅਸੀਂ ਕੁਝ ਧੀਆਂ ਪੁੱਤਾਂ ਦੀ ਹੀ ਗੱਲ ਸੁਣੀ ਏ।

ਕਿਸਾਨ : ਕੀ ਤੁਸੀਂ ਸੁੱਤੇ ਪਏ ਸੀ ?

ਖੱਦਰਧਾਰੀ : ਤੇਰੀ ਗੱਲ ਲੰਮੀ ਸੀ...ਇਸ ਲਈ ਊਂਘ ਆ ਗਈ ਸੀ।

ਗਿਆਨੀ : ਊਂਘ ਨਹੀਂ...ਖੁਮਾਰੀ ਚੜ੍ਹ ਗਈ ਸੀ ਕੁਰਸੀ ਦੀ।

ਕਿਸਾਨ : ਗਿਆਨੀ ਜੀ, ਤੁਸੀਂ ਹੀ ਮੇਰਾ ਕੋਈ ਦੁੱਖ ਦੂਰ ਕਰ ਦੇਵੋ।

ਗਿਆਨੀ : ਭਾਈ...ਅਸੀਂ ਕੀ ਕਰ ਸਕਦੇ ਹਾਂ, ਅਸੀਂ ਤਾਂ ਮੋਰਚੇ 'ਤੇ ਬੈਠੇ ਹਾਂ।

ਕਿਸਾਨ : ਕਾਹਦਾ ਮੋਰਚਾ ?

ਗਿਆਨੀ : ਰੇਡੀਓ ਸਟੇਸ਼ਨ ਲਗਾਉਣ ਦਾ।

ਕਿਸਾਨ : ਰੇਡੀਓ ਸਟੇਸ਼ਨ ਦਾ ?

ਗਿਆਨੀ : ਅਸੀਂ ਚਾਹੁੰਦੇ ਹਾਂ...ਅਸੀਂ ਜੋ ਕਹੀਏ, ਸਾਰੀ ਦੁਨੀਆ ਸੁਣੇ...ਅਸੀਂ ਜੋ ਉਚਾਰੀਏ, ਸਾਰੀ ਦੁਨੀਆ ਸਰਵਨ ਕਰੇ।

ਕਿਸਾਨ : ਮੈਂ ਤਾਂ ਬੜੇ ਚਿਰਾਂ ਤੋਂ ਜੋ ਕੁਝ ਤੁਸੀਂ ਕਿਹਾ...ਸੁਣ ਰਿਹਾ ਹਾਂ। ਜੋ

ਕੁਝ ਤੁਸੀਂ ਉਚਾਰਿਆ ਉਹ ਸਰਵਨ ਕੀਤਾ ਹੈ, ਮੇਰੀ ਕੁਝ ਸਹਾਇਤਾ ਕਰ ਦੇਵੋ।

ਗਿਆਨੀ : ਸਹਾਇਤਾ ਤਾਂ ਅਸੀਂ ਕਰ ਦੇਈਏ ਪਰ ਅਸੀਂ ਮੋਰਚੇ 'ਤੇ ਬੈਠੇ ਹਾਂ...ਜੋ ਅੜੇ ਸੋ ਝੜੇ।

*(ਕੁਰਸੀ ਵਾਲਾ ਅਤੇ ਮੰਜੇ ਵਾਲਾ ਫਰੀਜ਼ ਹੋ ਜਾਂਦੇ ਹਨ।)*

ਕਿਸਾਨ :
ਕੋਈ ਕੁਰਸੀ 'ਤੇ ਬੈਠਾ ਹੈ
ਕੋਈ ਮੰਜੀ 'ਤੇ ਬੈਠਾ ਹੈ
ਦੁਨੀਆ ਮਰ ਰਹੀ ਏ
ਪਰ ਏਨ੍ਹਾਂ ਨੂੰ ਕੀ...ਏਨ੍ਹਾਂ ਨੂੰ ਕੀ

*(ਤੇ ਇਸ ਅਭਿਨੈ ਵਿਚ ਬਾਹਰ ਜਾਂਦਾ ਹੈ।)*

ਗਿਆਨੀ : (ਉਹਦੇ ਜਾਣ ਬਾਅਦ) ਵਿਚਾਰਾ ਦੁਖੀ ਏ।

ਖੱਦਰਧਾਰੀ : ਹੈ ਤਾਂ ਦੁਖੀ...ਪਰ ਉਹਦੇ ਤਿਓਰ ਕੁਝ ਬਦਲੇ ਹੋਏ ਨੇ...ਕੁਝ ਕੁਝ ਮੂੰਹ ਖੋਲ੍ਹਦਾ ਨਜ਼ਰ ਆਉਂਦਾ ਹੈ...ਕੁਝ ਕਰਨਾ ਪਏਗਾ।

ਗਿਆਨੀ : ਹਾਂ ਕੁਝ ਤਾਂ ਕਰਨਾ ਪਏਗਾ।

ਖੱਦਰਧਾਰੀ : ਫੇਰ ਕੁਝ ਸੋਚ।

ਗਿਆਨੀ : ਸਾਡੇ ਕੋਲ ਤਾਂ ਇਕੋ ਅਜ਼ਮਾਇਆ ਨੁਸਖਾ ਏ...ਜੇ ਕੋਈ ਬੋਲੇ, ਕੋਈ ਮੂੰਹ ਖੋਲ੍ਹੇ ਤੇ ਉਹਨੂੰ ਇਹੀ ਕਹੀਏ—ਭਲਿਆ ਲੋਕਾ ਕਲਪ ਨਾ...ਉਹਦਾ ਭਾਣਾ ਮੰਨ...ਉਹ ਸਭ ਦਾ ਸਾਈਂ ਏ।

ਖੱਦਰਧਾਰੀ : ਤੇ ਸਾਡੇ ਕੋਲ ਵੀ ਵੱਡਾ ਏ ਨੁਸਖਾ ਰਾਜਸੱਤਾ ਵਾਲਾ...ਜੇ ਕੋਈ ਬੋਲੇ ਪਹਿਲੇ ਉਹਨੂੰ ਸਮਝਾਉ...ਜੇ ਨਾ ਸਮਝੇ ਤੇ ਧਮਕੀ ਦੇਵੋ...ਜੇਲ੍ਹ ਵਿਚ ਡੱਕੋ...ਜ਼ਬਾਨ 'ਤੇ ਤਾਲਾ ਮਾਰੋ...ਮੂੰਹ ਬੰਦ ਕਰੋ...ਜੇ ਫੇਰ ਵੀ ਕੁਸਕੇ ਤੇ ਮੂੰਹ ਦੇ ਨਾਲ-ਨਾਲ ਸਾਹ ਵੀ ਬੰਦ ਕਰੋ...ਕੁਰਸੀ ਨੂੰ ਸਾਂਭਣ ਦਾ ਇਹ ਸੁਨਹਿਰੀ ਨੁਸਖਾ ਏ।

*(ਫਰੀਜ਼ ਹੁੰਦੇ ਹਨ।)*

ਬਾਹਰੋਂ ਆਵਾਜ਼ : ਅੱਜ ਦੀ ਤਾਜ਼ਾ ਖ਼ਬਰ—ਅੱਤਵਾਦੀਆਂ ਨੇ ਬੱਸ ਵਿਚ ਜਾਂਦਿਆਂ ਛੇ ਮੁਸਾਫ਼ਰਾਂ ਦਾ ਕਤਲ ਕਰ ਦਿੱਤਾ। ਕਾਤਲ ਲਾਪਤਾ...ਕਾਤਲ ਲਾਪਤਾ।

ਇਕ : ਸੁਣਦੇ ਪਏ ਓ ?

ਖੱਦਰਧਾਰੀ : ਸੁਣਦੇ ਪਏ ਹਾਂ।

ਇਕ : ਕਤਲ ਹੋ ਰਹੇ ਨੇ।

ਖੱਦਰਧਾਰੀ : ਫੇਰ ਕੀ ਕਰੀਏ ?

ਇਕ : ਤੁਸੀਂ ਮੁੱਖ ਸ਼ਾਸਕ ਹੋ...ਤੁਸੀਂ ਹੀ ਕੁਝ ਕਰਨਾ ਹੈ...ਲੋਕਾਂ ਦੀ ਜਾਨ ਮਾਲ ਦਾ ਤੁਸੀਂ ਧਿਆਨ ਕਰਨਾ ਹੈ।

ਖੱਦਰਧਾਰੀ : ਹਿੰਦੋਸਤਾਨ ਦੀ ਆਬਾਦੀ 67 ਕਰੋੜ ਹੈ...ਅਸੀਂ ਕੀਹਦਾ-ਕੀਹਦਾ ਖ਼ਿਆਲ ਰੱਖੀਏ।

ਗਿਆਨੀ : ਇਹ ਤਾਂ ਮਸਾਂ ਉਨ੍ਹਾਂ ਦਾ ਖ਼ਿਆਲ ਰੱਖਦੇ ਨੇ...ਜਿਹੜੇ ਇਨ੍ਹਾਂ ਦੀ ਕੁਰਸੀ ਕਾਇਮ ਰੱਖਦੇ ਨੇ...ਕਿਸੇ ਨੂੰ ਪੂਰਾ ਵਜ਼ੀਰ, ਕਿਸੇ ਨੂੰ ਅਧੂਰਾ ਵਜ਼ੀਰ, ਕੋਈ ਵੱਡਾ ਵਜ਼ੀਰ, ਕੋਈ ਛੋਟਾ ਵਜ਼ੀਰ, ਕੋਈ ਸੁਸਾਇਟੀ ਦਾ ਚੇਅਰਮੈਨ...ਕੋਈ ਬਿਜਲੀ ਬੋਰਡ ਦਾ ਲਾਲਟੈਨ ਤੇ ਕੋਈ ਖਾਦੀ ਭੰਡਾਰ ਦਾ ਜੈਂਟਲਮੈਨ।

ਖੱਦਰਧਾਰੀ : ਨਾ ਤੂੰ ਕਿਸੇ ਨੂੰ ਕਹਿਣ ਜੋਗਾ ਕਿਥੇ ? ਜਦੋਂ ਤੂੰ ਕੁਰਸੀ 'ਤੇ ਬੈਠਾ ਸੀ ਤਾਂ ਤੂੰ ਨਹੀਂ ਆਪਣੇ ਸਾਲਿਆਂ ਭਤੀਜਿਆਂ ਨੂੰ ਚੇਅਰਮੈਨ, ਜੈਂਟਲਮੈਨ, ਲਾਲਟੈਨ ਬਣਾਇਆ ਸੀ...ਤੇਰੀ ਤਾਂ ਆਦਤ ਏ...ਬਸ ਬੈਠਾ-ਬੈਠਾ ਲੋਕਾਂ ਨੂੰ ਚੁੱਕਦਾ ਰਹਿ ਤੇ ਦੰਗਾ ਕਰਵਾਉਂਦਾ ਰਹਿ।

ਗਿਆਨੀ : (ਭੇਤ ਭਰੀ ਆਵਾਜ਼ ਵਿਚ) ਮੈਂ ਕਦੋਂ ਕਰਵਾਉਂਦਾ ਹਾਂ ਦੰਗਾ। ਇਸ ਹਜਾਮ ਵਿਚ ਮੈਂ ਵੀ ਨੰਗਾ...ਤੂੰ ਵੀ ਨੰਗਾ। ਜਿੰਨੀ ਰਿੱਧੇ ਢੱਕੀ...ਓਨਾ ਹੀ ਚੰਗਾ।

ਇਕ : ਇਹ ਕਤਲ ਕੌਣ ਕਰਵਾ ਰਿਹਾ ਏ।

ਖੱਦਰਧਾਰੀ : ਇਹ ਗਿਆਨੀ ਕਰਵਾ ਰਿਹਾ ਏ...ਹੋਰ ਕੌਣ ਕਰਵਾ ਰਿਹਾ ਏ।

ਇਕ : ਪੁਲਿਸ ਸਾਰੀ ਤੁਹਾਡੇ ਕੋਲ ਏ...ਤੁਸੀਂ ਫੜਦੇ ਕਿਉਂ ਨਹੀਂ।

ਖੱਦਰਧਾਰੀ : ਫੜ ਤਾਂ ਲਈਏ...ਪਰ ਇਹ ਗਿਆਨੀ ਉਹਨੂੰ ਆਪਣੀ ਮੰਜੀ ਥੱਲੇ ਲਕੋ ਲੈਂਦਾ ਏ।

ਇਕ : ਤੁਸੀਂ ਮੰਜੀ ਥੱਲਿਓਂ ਫੜ ਲਵੋ।

ਖੱਦਰਧਾਰੀ : ਨਹੀਂ...ਸਾਡੀ ਪੁਲਿਸ ਮੰਜੀ ਥੱਲੇ ਨਹੀਂ ਜਾ ਸਕਦੀ...ਅਸੀਂ ਇਸ ਧਰਤੀ ਦੀ ਮਰਿਆਦਾ ਭੰਗ ਨਹੀਂ ਕਰਨੀ।

ਗਿਆਨੀ : ਇਹ ਝੂਠ ਬੋਲਦਾ ਏ...ਉਹ ਮੰਜੀ ਥੱਲੇ ਹਵਾ ਵਿਚੋਂ ਉੱਡ ਕੇ ਆ ਜਾਂਦੇ ਨੇ...ਇਹ ਕਤਲ ਇਹਦੇ ਬੰਦੇ ਹੀ ਕਰਦੇ ਨੇ...ਇਹ ਉਨ੍ਹਾਂ ਨੂੰ ਫੜਦਾ ਨਹੀਂ ਤੇ ਇਲਜ਼ਾਮ ਮੇਰੇ 'ਤੇ ਲਗਾਉਂਦਾ ਏ...ਅਸਲ ਵਿਚ ਇਹ ਮੇਰੇ ਮੋਰਚੇ ਨੂੰ ਬਦਨਾਮ ਕਰਨਾ ਚਾਹੁੰਦਾ ਏ।

ਇਕ : (ਗੁੱਸੇ ਵਿਚ) ਪਰ ਤੁਹਾਡੀ ਦੋਹਾਂ ਦੀ ਇਸ ਖੇਡ ਵਿਚ ਇਹ ਧਰਤੀ ਬਰਬਾਦ ਹੋ ਰਹੀ ਏ...ਸ਼ਰੇਆਮ ਮਾਸੂਮਾਂ ਦਾ ਕਤਲ ਹੋ ਰਿਹੈ...ਭਰਾ ਭਰਾ ਜੋ ਸੱਦੀਆਂ ਇਕੱਠੇ ਰਹਿੰਦੇ ਸਨ...ਇਕ ਦੂਜੇ ਦੇ ਦੁਸ਼ਮਣ ਬਣ ਰਹੇ ਨੇ, ਇਹਦਾ ਜ਼ਿੰਮੇਵਾਰ ਕੌਣ ਏ ?

ਗਿਆਨੀ : ਇਹ ਜੋ ਕੁਰਸੀ 'ਤੇ ਬੈਠਾ ਏ।
ਖੱਦਰਧਾਰੀ : ਇਹ, ਜੋ ਮੰਜੀ 'ਤੇ ਬੈਠਾ ਏ।
ਗਿਆਨੀ : ਇਹ...ਜਿਸ ਦੀ ਕੁਰਸੀ ਥੱਲੇ ਨ੍ਹੇਰਾ ਏ।
ਖੱਦਰਧਾਰੀ : ਇਹ...ਜਿਸ ਦਾ ਮੰਜੀ ਉੱਤੇ ਡੇਰਾ ਏ।
ਗਿਆਨੀ : ਇਹ...ਜੋ ਚਿੱਟਾ ਚੋਰ ਏ।
ਖੱਦਰਧਾਰੀ : ਇਹ...ਜੋ ਨੀਲਾ ਮੋਰ ਏ।
ਗਿਆਨੀ : ਇਹ...ਜੋ ਖੱਦਰਧਾਰੀ ਏ।
ਖੱਦਰਧਾਰੀ : ਇਹ...ਜੋ ਕੱਛਾਧਾਰੀ ਏ।
ਇਕ : ਚੁੱਪ ਕਰੋ...ਤੁਸੀਂ ਦੋਨੋਂ ਠੱਗ, ਦੋਨੋਂ ਚੋਰ...ਹੁਣ ਗੱਲ ਨਾ ਤੁਹਾਡੀ ਮੰਨਾਂਗੇ...ਝੂਠ ਤੁਹਾਡਾ ਚੌਰਾਹੇ 'ਚ ਭੰਨਾਂਗੇ।

*(ਗੁੱਸੇ ਨਾਲ ਜਾਂਦਾ ਹੈ। ਥੋੜ੍ਹੀ ਦੇਰ ਇਕ ਦੂਜੇ ਵੱਲ ਬਿਟਰ-ਬਿਟਰ ਵੇਖਦੇ ਹਨ। ਬਿਲਕੁਲ ਚੁੱਪ)*

ਖੱਦਰਧਾਰੀ : ਓਏ ਗਿਆਨੀ...ਗੱਲ ਕੁਝ ਬਹੁਤੀ ਹੀ ਗਰਮ ਹੋ ਗਈ ਏ।
ਗਿਆਨੀ : ਕੋਈ ਨਹੀਂ ਠੰਡੀ ਹੋ ਜਾਏਗੀ।
ਖੱਦਰਧਾਰੀ : ਕੋਈ ਤਰਕੀਬ ਲੜਾ।
ਗਿਆਨੀ : (ਸਿਰ ਖੁਰਕਦਾ ਹੋਇਆ) ਇਕ ਤਰਕੀਬ ਏ...ਜੇ ਸੁਣੇ ਤਾਂ ?
ਖੱਦਰਧਾਰੀ : ਸੁਣਾ...ਹਰ ਗੱਲ ਸੁਣਾਂਗਾ...ਇਹ ਕੁਰਸੀ ਮੈਨੂੰ ਹਿੱਲਦੀ ਦਿਸਦੀ ਏ।
ਗਿਆਨੀ : ਤਾਹੀਓਂ ਤਾਂ ਮੈਂ ਕਹਿਣ ਲੱਗਾ ਹਾਂ।
ਖੱਦਰਧਾਰੀ : ਕੀ ਕਹਿਣ ਲੱਗਾ ਏਂ ?
ਗਿਆਨੀ : ਜਿੰਨੀ ਦੇਰ ਤੂੰ ਕੁਰਸੀ 'ਤੇ ਬੈਠਾ ਰਿਹਾ...ਮੈਂ ਤੇਰੀ ਬੜੀ ਸੇਵਾ ਕੀਤੀ। ਲੋਕਾਂ ਦਾ ਹੜ੍ਹ ਜਦੋਂ ਵੀ ਤੇਰੀ ਕੁਰਸੀ ਵੱਲ ਵਧਦਾ...ਮੈਂ ਉਸ ਦਾ ਮੁਹਾਣ ਬਦਲਦਾ ਰਿਹਾ ਤੇ ਇਸ ਤਰ੍ਹਾਂ ਕੁਰਸੀ ਬਚੀ ਰਹੀ।
ਖੱਦਰਧਾਰੀ : ਤੇਰੀ ਮੰਜੀ ਵੀ ਤਾਂ ਬਚੀ ਰਹੀ ਸੀ।
ਗਿਆਨੀ : ਮੈਂ ਤੇਰੀ ਏਨੀ ਸੇਵਾ ਕੀਤੀ...ਹੁਣ ਥੋੜ੍ਹੀ ਦੇਰ ਮੈਨੂੰ ਵੀ ਕੁਰਸੀ 'ਤੇ ਬੈਠ ਲੈਣ ਦੇ।
ਖੱਦਰਧਾਰੀ : ਤੂੰ ਕੁਰਸੀ 'ਤੇ ਬੈਠਦਾ ਏ ?
ਗਿਆਨੀ : ਆਹੋ...ਤੂੰ ਮੰਜੀ 'ਤੇ ਆ ਜਾ...ਬੈਠਾ-ਬੈਠਾ ਥੱਕ ਗਿਆ ਹੋਵੇਂਗਾ...ਜ਼ਰਾ ਲੱਕ ਸਿੱਧਾ ਕਰ ਲੈ।
ਖੱਦਰਧਾਰੀ : ਲੈ ਇਹ ਵੀ ਕੋਈ ਵੱਡੀ ਗੱਲ ਏ...ਪਰ ਮੇਰੀ ਇਕ ਗੱਲ ਮੰਨ...ਕੁਰਸੀ ਦੀ ਸ਼ਾਨ ਲਈ ਇਹ ਜ਼ਰੂਰੀ ਏ ਕਿ ਤੇਰੇ ਸਿਰ 'ਤੇ ਪੱਗ ਚਿੱਟੀ ਹੋਵੇ।
ਗਿਆਨੀ : ਮੰਜੀ ਦੀ ਮਰਿਆਦਾ ਲਈ ਇਹ ਜ਼ਰੂਰੀ ਏ ਕਿ ਤੇਰੇ ਸਿਰ 'ਤੇ ਪੱਗ ਨੀਲੀ ਹੋਵੇ।

ਖੱਦਰਧਾਰੀ : ਫੇਰ ਪੱਗਾਂ ਵਟਾ ਲਈਏ...ਉਂਝ ਵੀ ਅਸੀਂ ਪੱਗ ਵੱਟ ਭਰਾ ਹਾਂ।

ਗਿਆਨੀ : ਉੱਠ ਫੇਰ।

ਖੱਦਰਧਾਰੀ : ਵੇਖੀਂ ਕੋਈ ਦੇਖਦਾ ਤਾਂ ਨਹੀਂ ਪਿਆ।

ਗਿਆਨੀ : ਜੇ ਦੇਖ ਵੀ ਲਿਆ ਤਾਂ ਸਾਡਾ ਕੀ ਕਰ ਲਵੇਗਾ।

*(ਪੱਗਾਂ ਲਾਹੁੰਦੇ ਹਨ, ਜਦੋਂ ਹਾਲੇ ਬਦਲੀਆਂ ਪੱਗਾਂ ਦਾ ਪਹਿਲਾ ਲੜ ਹੀ ਬੰਨ੍ਹਦੇ ਹਨ ਤਾਂ ਹਵਾ ਵਿਚ ਲਟਕਦਾ ਪਾਤਰ ਆ ਜਾਂਦਾ ਹੈ।)*

ਇਕ : ਓਏ ਮੱਕਾਰੋ...ਓਏ ਗ਼ਦਾਰੋ...ਕੁਰਸੀ ਵਾਲਿਓ...ਮੰਜੀਆਂ ਵਾਲਿਓ... ਏਨਾ ਧੋਖਾ। ਤੁਸੀਂ ਵਿਚੋਂ ਇਕ ਤੇ ਸਾਨੂੰ ਗਧੀ ਗੇੜ ਵਿਚ ਪਾਈ ਰੱਖਿਆ।

*(ਪੱਗ ਦੇ ਦੋ ਵਲ ਉਨ੍ਹਾਂ ਦੇ ਗਲ ਵਿਚ ਪਾ ਦੇਂਦੇ ਹਨ, ਜਿਸ ਤਰ੍ਹਾਂ ਸਾਫਾ ਬੰਨ੍ਹ ਕੇ ਖਿੱਚਣਾ ਹੁੰਦਾ ਹੈ।)*

ਗਿਆਨੀ : ਓਏ ਏਨ੍ਹਾਂ ਪੱਗਾਂ ਦਾ ਖ਼ਿਆਲ ਕਰੋ।

ਖੱਦਰਧਾਰੀ : ਇਨ੍ਹਾਂ ਨੂੰ ਮਿੱਟੀ ਵਿਚ ਨਾ ਰੋਲੋ।

ਇਕ :
ਕਿਉਂ ਕਰੀਏ ਖ਼ਿਆਲ
ਹੁਣ ਤੁਹਾਡੀਆਂ ਪੱਗਾਂ ਲਾਹੁਣ ਦਾ
ਸਾਡਾ ਵੀ ਹੱਕ ਬਣਦਾ ਹੈ
ਅਸਾਂ ਬਹੁਤ ਚਿਰ ਛਿੱਲ ਲੁਹਾ ਕੇ ਆਪਣੀ
ਤੁਹਾਡੇ ਦੰਭ ਦਾ ਨਾਟ ਵੇਖਿਆ ਹੈ
ਤੇ ਮੁੱਲ ਇਹਦਾ ਬਹੁਤ ਤਾਰਿਆ ਹੈ
ਹੁਣ ਹੱਕ ਸਾਡਾ ਬਣਦਾ ਹੈ
ਪੱਗ ਤੁਹਾਡੀ ਨੂੰ ਹੱਥ ਪਾਉਣ ਦਾ
ਤੁਸੀਂ ਵੀ ਛਿੱਲ ਲਾਹੁਣ ਲਈ
ਕੋਈ ਛੋਟ ਨਹੀਂ ਸੀ ਕੀਤੀ
ਤੇ ਹਰ ਵਾਰ ਛੁਰੀ ਤੇਜ਼ ਸੀ ਕੀਤੀ
ਹੁਣ ਸਾਡਾ ਵੀ ਹੱਕ ਬਣਦਾ ਹੈ
ਹੁਣ ਸਾਡਾ ਵੀ ਹੱਕ ਬਣਦਾ ਹੈ

*(ਦੋਨੋਂ ਪਾਤਰ ਬਾਹਰ ਦਾ ਹੱਥ ਉਤਾਂਹ ਚੁੱਕਦੇ ਹਨ ਤੇ ਅੰਦਰਲੇ ਹੱਥਾਂ ਨਾਲ ਪੱਲੇ ਖਿੱਚਦੇ ਹਨ ਤੇ ਮੂਕ ਹੁੰਦੇ ਹਨ। ਹੌਲੀ-ਹੌਲੀ ਪਰਦਾ ਹੁੰਦਾ ਹੈ।)*